Punjab Government Gazette

Published by Authority

No. 20] CHANDIGARH, FRIDAY, MAY 15, 2026 (VAISAKHA 25, 1948 SAKA)

PART III

Notifications by High Court ; Labour Commissioner ; Advertisements ; Director of Lotteries, Punjab and Notices, etc.

ਕਿਰਤ ਵਿਭਾਗ, ਪੰਜਾਬ

ਦਫ਼ਤਰ:ਸਹਾਇਕ ਕਿਰਤ ਕਮਿਸ਼ਨਰ, ਫਿਰੋਜ਼ਪੁਰ

ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕਮਰਾ ਨੰ: 205 207, ਦੂਸਰੀ ਮੰਜਿਲ, ਬੀ ਬਲਾਕ, ਫਿਰੋਜਪੁਰ

Email.alc.labfrz@punjab.gov.in

ਅਧਿਸੂਚਨਾ

ਮਿਤੀ 21 ਅਪ੍ਰੈਲ, 2026

ਨੰਬਰ:ਸਕਕ/2026/519.- ਮੇਰੀ ਰਾਏ ਹੈ ਕਿ ਕਾਰਜ ਸਿੰਘ ਪੁੱਤਰ ਸ਼੍ਰੀ ਮੁਖਤਿਆਰ ਸਿੰਘ, ਸਾਬਕਾ ਡਰਾਈਵਰ ਨੰ: ਸੀਟੀਡੀ-25, ਪਨਬਸ, ਪੰਜਾਬ ਰੋਡਵੇਜ਼, ਫ਼ਿਰੋਜ਼ਪੁਰ ਹੁਣ ਵਸਨੀਕ ਮਾਧਵ ਨਗਰੀ ਨੇੜੇ ਦੀਪਕ ਭੁਜੀਆ ਫੈਕਟਰੀ, ਅਬੋਹਰ ਰੋਡ, ਫਾਜ਼ਿਲਕਾ।

ਅਤੇ

ਮੈਸ:1. ਡਿਪੂ ਮੈਨੇਜਰ, ਪਨਬੱਸ, ਪੰਜਾਬ ਰੋਡਵੇਜ਼, ਫ਼ਿਰੋਜ਼ਪੁਰ।

2. ਮੈਨੇਜਿੰਗ ਡਾਇਰੈਕਟਰ, (ਪਨਬੱਸ), ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮੀਟਡ ਰਜਿ: ਜੀਵਨਦੀਪ ਬਿਲਡਿੰਗ, ਸੈਕਟਰ-17-ਏ, ਚੰਡੀਗੜ੍ਹ। ਵਿਚਕਾਰ ਇੱਕ ਉਦਯੋਗਿਕ ਵਿਵਾਦ ਹੈ।

ਇਸ ਲਈ ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2 ਏ ਅਤੇ ਧਾਰਾ 10(1) ਦੇ ਪੈਰਾ (ਸੀ) ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਅਧਿਸੂਚਨਾ ਨੰ: 1/122/04-4 ਕਿਰਤ/ 1091 ਮਿਤੀ 19.03.2008 ਜੋ ਕਿ ਮਿਤੀ: 04.04.2008 ਨੂੰ ਸਰਕਾਰੀ ਗਜਟ ਵਿਚ ਛਪੀ ਹੈ, ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਮੈਂ ਕਿਰਤੀ ਅਤੇ ਪ੍ਰਬੰਧਕਾਂ ਦਰਮਿਆਨ ਉਦਯੋਗਿਕ ਵਿਵਾਦ ਦੀ ਧਾਰਾ 7 ਅਧੀਨ ਬਣਾਈ ਗਈ ਪ੍ਰਧਾਨਗੀ ਅਫਸਰ ਇੰਡਸਟਰੀਅਲ ਟ੍ਰਿਬਿਊਨਲ, ਬਠਿੰਡਾ ਨੂੰ ਹੇਠ ਲਿਖੇ ਖਰੜੇ ਅਨੁਸਾਰ ਨਿਆਂ ਨਿਰਣੇ ਅਤੇ ਇਸ ਸਬੰਧੀ ਅਵਾਰਡ ਤਿੰਨ ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ:-

"ਕੀ ਕਿਰਤੀ ਕਾਰਜ ਸਿੰਘ ਦੀ ਸੇਵਾ ਸਮਾਪਤੀ ਮਾਲਕਾਂ/ਪ੍ਰਬੰਧਕਾਂ ਵੱਲੋਂ ਗੈਰ ਕਾਨੂੰਨੀ ਅਤੇ ਅਨੁਚਿਤ ਢੰਗ ਨਾਲ ਕੀਤੀ ਗਈ ਹੈ? ਜੇਕਰ ਹਾਂ ਤਾਂ ਇਸ ਸਬੰਧ ਵਿੱਚ ਕਿਰਤੀ ਨੂੰ ਕੀ ਲਾਭ ਅਤੇ ਕਿਸ ਵਿਸਥਾਰ ਨਾਲ ਪ੍ਰਾਪਤ ਕਰਨ ਦਾ ਹੱਕਦਾਰ ਹੈ"

ਸਹੀ/-

(ਗੁਰਪ੍ਰੀਤ ਸਿੰਘ)

ਸਹਾਇਕ ਕਿਰਤ ਕਮਿਸ਼ਨਰ,
ਫਿਰੋਜਪੁਰ।

3716/5-2026/Pb. Govt. Press, S.A.S. Nagar